ਨਾ-ਪਛਾਣਯੋਗ ਜਾਣਕਾਰੀ ਨੂੰ ਸਾਂਝਾ ਕਰਨ ਲਈ ਸਹਿਮਤੀ

ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ (Medicare Urgent Care Clinics) ਇੱਕ ਜਨਤਕ ਸਿਹਤ ਪਹਿਲਕਦਮੀ ਹੈ ਜਿਸ ਨੂੰ ਆਸਟ੍ਰੇਲੀਅਨ ਸਰਕਾਰ ਅਤੇ ਰਾਜ ਅਤੇ ਖੇਤਰੀ ਸਰਕਾਰਾਂ ਦੁਆਰਾ ਮਾਲੀ ਸਹਾਇਤਾ ਪ੍ਰਾਪਤ ਹੈ।

ਇਹ ਕਲੀਨਿਕ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ਵੇਲੇ ਕੁੱਝ ਨਿੱਜੀ ਜਾਣਕਾਰੀ (ਤੁਹਾਡੇ, ਤੁਹਾਡੇ ਬੱਚੇ, ਜਾਂ ਕਿਸੇ ਹੋਰ ਵਿਅਕਤੀ ਬਾਰੇ ਜਿਸ ਲਈ ਤੁਸੀਂ ਜ਼ਿੰਮੇਵਾਰ ਹੋ) ਇਕੱਠੀ ਕਰੇਗਾ।

ਨਿੱਜੀ ਜਾਣਕਾਰੀ ਉਹ ਜਾਣਕਾਰੀ ਹੁੰਦੀ ਹੈ ਜੋ ਤੁਹਾਡੀ ਪਛਾਣ ਕਰਦੀ ਹੈ, ਜਿਵੇਂ ਕਿ ਤੁਹਾਡਾ ਨਾਮ ਅਤੇ ਪਤਾ। ਇਹ ਕਲੀਨਿਕ ਤੁਹਾਡਾ ਨਾਮ, ਉਮਰ, ਪਤਾ, ਮੈਡੀਕੇਅਰ ਨੰਬਰ, ਸਵਦੇਸ਼ੀ ਸਥਿਤੀ, ਤੁਹਾਡੀ ਸਿਹਤ ਬਾਰੇ ਜਾਣਕਾਰੀ, ਅਤੇ ਤੁਹਾਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ (ਜਿਵੇਂ ਕਿ ਪ੍ਰਦਾਨ ਕੀਤੇ ਗਏ ਇਲਾਜ ਦੀ ਕਿਸਮ ਅਤੇ ਇਲਾਜ ਦੇ ਸਮੇਂ) ਬਾਰੇ ਜਾਣਕਾਰੀ ਇਕੱਠੀ ਕਰੇਗਾ।

ਨਾ-ਪਛਾਣਯੋਗ ਜਾਣਕਾਰੀ ਲੋਕਾਂ ਬਾਰੇ ਜਾਣਕਾਰੀ ਹੁੰਦੀ ਹੈ, ਪਰ ਇਸਤੋਂ ਲੋਕਾਂ ਦੀ ਪਛਾਣ ਨਹੀਂ ਹੁੰਦੀ ਹੈ ਅਤੇ ਉਨ੍ਹਾਂ ਦੀ ਪਛਾਣ ਨਹੀਂ ਕੀਤੀ ਜਾ ਸਕਦੀ ਹੈ।

ਭਾਈਚਾਰੇ ਲਈ ਇਹ ਪਤਾ ਲਗਾਉਣਾ ਬਹੁਤ ਅਹਿਮ ਹੈ ਕਿ ਕੀ ਇਹ Medicare Urgent Care Clinics ਆਸਟ੍ਰੇਲੀਆਈ ਲੋਕਾਂ ਨੂੰ ਸਮੇਂ ਸਿਰ ਅਤੇ ਕਿਫਾਇਤੀ ਸਿਹਤ ਸੰਭਾਲ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ (ਖ਼ਾਸ ਕਰਕੇ ਕੰਮਕਾਜੀ ਘੰਟਿਆਂ ਦੇ ਬਾਅਦ) ਕਾਰਗਾਰ ਹੋ ਰਹੇ ਹਨ ਅਤੇ ਕੀ ਇਹ ਐਮਰਜੈਂਸੀ ਵਿਭਾਗਾਂ ਦੀ ਮੰਗ ਘਟਾਉਣ ਵਿੱਚ ਮੱਦਦ ਕਰਦਾ ਹੈ।

ਜੇਕਰ ਤੁਸੀਂ ਸਹਿਮਤ ਹੋ - ਤਾਂ ਇਹ ਕਲੀਨਿਕ ਤੁਹਾਨੂੰ ਪ੍ਰਦਾਨ ਕੀਤੀਆਂ ਸੇਵਾਵਾਂ ਬਾਰੇ ਅਸਟ੍ਰੇਲੀਅਨ ਸਰਕਾਰ ਦੇ ਸਿਹਤ ਅਤੇ ਬਜ਼ੁਰਗ ਦੇਖਭਾਲ ਵਿਭਾਗ ਨੂੰ **ਨਾ-ਪਛਾਣਯੋਗ ਜਾਣਕਾਰੀ** ਪ੍ਰਦਾਨ ਕਰੇਗਾ। ਕਲੀਨਿਕ ਦੀ ਰਿਕਾਰਡ ਸੰਭਾਲਣ ਵਾਲੀ ਪ੍ਰਣਾਲੀ ਸੁਰੱਖਿਅਤ ਡਾਟਾ ਇਕੱਤਰ ਕਰਨ ਵਾਲੀ ਸੇਵਾ (ਜੋ ਵਿਭਾਗ ਦੁਆਰਾ ਇਕਰਾਰਨਾਮੇ ਕੀਤੀ ਗਈ ਤੀਜੀ ਧਿਰ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ) ਦੀ ਵਰਤੋਂ ਕਰਦੇ ਹੋਏ ਜਾਣਕਾਰੀ ਭੇਜਣ ਤੋਂ ਪਹਿਲਾਂ **ਤੁਹਾਡਾ ਨਾਮ, ਜਨਮ ਮਿਤੀ, ਪਤਾ ਅਤੇ ਮੈਡੀਕੇਅਰ ਨੰਬਰ ਹਟਾ ਦੇਵੇਗਾ।**

ਵਿਭਾਗ ਨਾ-ਪਛਾਣਯੋਗ ਜਾਣਕਾਰੀ ਨੂੰ ਬਾਕੀ ਦੀ ਮੈਡੀਕੇਅਰ ਜਾਣਕਾਰੀ ਤੋਂ ਵੱਖ ਰੱਖੇਗਾ, ਅਤੇ ਇਸਦੀ ਵਰਤੋਂ ਸਿਰਫ਼ ਇਨ੍ਹਾਂ ਗੱਲਾਂ ਲਈ ਕਰੇਗਾ:

- ਇਸ ਪਹਿਲਕਦਮੀ ਦੇ ਪ੍ਰਭਾਵ ਦੀ ਨਿਗਰਾਨੀ ਕਰਨ ਅਤੇ ਸੇਵਾ ਸੁਧਾਰ ਨੂੰ ਜਾਣਕਾਰੀ ਰਾਹੀਂ ਸੂਚਿਤ ਕਰਨ ਲਈ;
- ਅੰਕੜੇ ਅਤੇ ਰਿਪੋਰਟਾਂ ਤਿਆਰ ਕਰਨ ਲਈ;
- ਸਰਕਾਰੀ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਸੂਚਿਤ ਕਰਨ ਅਤੇ ਮੁਲਾਂਕਣ ਕਰਨ ਲਈ;
- ਸੇਵਾ ਯੋਜਨਾ ਨੂੰ ਸੂਚਿਤ ਕਰਨ ਲਈ; ਅਤੇ
- ਖੋਜ ਅਤੇ ਵਿਕਾਸ ਕਰਨ ਲਈ।

ਵਿਭਾਗ ਹਮੇਸ਼ਾ ਸੰਬੰਧਿਤ ਗੁਪਤਤਾ ਕਾਨੂੰਨਾਂ ਦੀ ਪਾਲਣਾ ਕਰੇਗਾ।

ਵਿਭਾਗ ਦੂਜੀਆਂ ਸੰਸਥਾਵਾਂ ਜਿਵੇਂ ਕਿ ਰਾਜ ਅਤੇ ਪ੍ਰਦੇਸ਼ ਸਰਕਾਰਾਂ, ਪ੍ਰਾਇਮਰੀ ਹੈਲਥ ਨੈੱਟਵਰਕ ਅਤੇ ਆਸਟ੍ਰੇਲੀਅਨ ਇੰਸਟੀਚਿਊਟ ਆਫ਼ ਹੈਲਥ ਐਂਡ ਵੈਲਫੇਅਰ (AIHW) ਨੂੰ ਵੀ ਨਾ-ਪਛਾਣਯੋਗ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ, ਤਾਂ ਜੋ ਉਹ ਜਿੱਥੇ ਤੁਸੀਂ ਰਹਿੰਦੇ ਹੋ ਉੱਥੇ ਸਿਹਤ ਸੇਵਾਵਾਂ ਦੀ ਯੋਜਨਾ ਬਣਾਉਣ ਵਿੱਚ ਆਪਣੀਆਂ ਮਹੱਤਵਪੂਰਨ ਭੂਮਿਕਾਵਾਂ ਨਿਭਾ ਸਕਣ ਅਤੇ ਵਿਸ਼ਲੇਸ਼ਣ ਕਰਨ ਕਿ ਸਿਹਤ ਪ੍ਰਣਾਲੀ ਕਿਵੇਂ ਕੰਮ ਕਰ ਰਹੀ ਹੈ।

AIHW ਅਤੇ ਰਾਜ ਅਤੇ ਪ੍ਰਦੇਸ਼ ਸਰਕਾਰਾਂ ਉਹਨਾਂ ਕੋਲ ਮੌਜੂਦ ਹੋਰ ਡੇਟਾ ਦੇ ਨਾਲ ਪ੍ਰਦਾਨ ਕੀਤੀ -ਨਾ-ਪਛਾਣਯੋਗ ਜਾਣਕਾਰੀ ਨੂੰ ਮਿਲਾ ਸਕਦੀਆਂ ਹਨ, ਪਰ ਸਿਰਫ਼ ਤਾਂ ਹੀ ਜੇ ਗੁਪਤਤਾ ਅਤੇ ਹੋਰ ਕਾਨੂੰਨਾਂ ਦੇ ਤਹਿਤ ਅਜਿਹਾ ਕਰਨ ਦੀ ਆਗਿਆ ਹੈ। ਕਲੀਨਿਕ ਵਿੱਚ ਬਣਾਏ ਗਏ ਵਿਲੱਖਣ ਕੋਡਾਂ ਦੀ ਵਰਤੋਂ ਕਰਕੇ ਤੁਹਾਡੀ ਨਾ-ਪਛਾਣਯੋਗ ਜਾਣਕਾਰੀ ਨੂੰ ਜੋੜਿਆ ਜਾ ਸਕਦਾ ਹੈ। ਇਹ ਕੋਡ ਤੁਹਾਨੂੰ ਵਿਅਕਤੀਗਤ ਤੌਰ 'ਤੇ ਪਛਾਣੇ ਬਿਨਾਂ ਵੱਖ-ਵੱਖ ਡਾਟਾ ਸਰੋਤਾਂ ਤੋਂ ਤੁਹਾਡੇ ਬਾਰੇ ਜਾਣਕਾਰੀ ਨੂੰ ਜੋੜਨ ਦੇ ਯੋਗ ਬਣਾਉਂਦੇ ਹਨ। ਇਹ ਸੰਸਥਾਵਾਂ ਇਹ ਯਕੀਨੀ ਬਣਾਉਣਗੀਆਂ ਕਿ ਉਹਨਾਂ ਦੇ ਕੰਮ ਤੋਂ ਕਿਸੇ ਵੀ ਖੋਜ ਨਤੀਜਿਆਂ, ਰਿਪੋਰਟਾਂ ਜਾਂ ਹੋਰ ਆਊਟਪੁੱਟਾਂ ਵਿੱਚ ਤੁਹਾਡੀ ਵਿਅਕਤੀਗਤ ਤੌਰ 'ਤੇ ਪਛਾਣ ਨਹੀਂ ਕੀਤੀ ਜਾ ਸਕਦੀ ਹੈ।

ਤੁਹਾਨੂੰ ਇਸ ਜਾਣਕਾਰੀ ਸਾਂਝਾ ਕਰਨ ਲਈ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਤੁਸੀਂ ਅਜੇ ਵੀ ਕਲੀਨਿਕ ਤੋਂ ਸੇਵਾਵਾਂ ਪ੍ਰਾਪਤ ਕਰੋਗੇ ਭਾਵੇਂ ਤੁਸੀਂ
ਜਾਣਕਾਰੀ ਸਾਂਝਾ ਕਰਨ ਲਈ ਨਾਂਹ ਕਹੋ। ਜੇਕਰ ਤੁਸੀਂ ਆਪਣਾ ਮਨ ਬਦਲ ਲੈਂਦੇ ਹੋ, ਤਾਂ ਤੁਸੀਂ ਕਲੀਨਿਕ ਨੂੰ -ਨਾ-ਪਛਾਣਯੋਗ ਜਾਣਕਾਰੀ ਭੇਜਣਾ ਬੰਦ ਕਰਨ ਲਈ ਕਹਿ ਸਕਦੇ ਹੋ (ਪਰ ਪਹਿਲਾਂ ਹੀ ਸਾਂਝੀ ਕੀਤੀ ਜਾ ਚੁੱਕੀ ਕਿਸੇ ਵੀ ਨਾ-ਪਛਾਣਯੋਗ ਜਾਣਕਾਰੀ ਦੀ ਵਰਤੋਂ ਬੰਦ ਕਰਨਾ ਸੰਭਵ ਨਹੀਂ ਹੋਵੇਗਾ)।

ਤੁਸੀਂ ਕੋਈ ਗੁਪਤਤਾ ਪੁੱਛਗਿੱਛ ਜਾਂ ਸ਼ਿਕਾਇਤ ਕਿਵੇਂ ਕਰ ਸਕਦੇ ਹੋ ਇਸ ਸਮੇਤ **ਇਸ ਬਾਰੇ ਹੋਰ ਜਾਣਕਾਰੀ** ਕਿ Medicare Urgent Care Clinic ਪ੍ਰੋਗਰਾਮ ਦੇ ਹਿੱਸੇ ਵਜੋਂ ਜਾਣਕਾਰੀ ਨੂੰ ਕਿਵੇਂ ਸੰਭਾਲਿਆ ਜਾਂਦਾ ਹੈ, ਮੈਡੀਕੇਅਰ UCC ਗੁਪਤਤਾ ਨੋਟਿਸ ਵਿੱਚ ਦੇਖੀ ਜਾ ਸਕਦੀ ਹੈ, ਜੋ ਕਿ

ਕਲੀਨਿਕ ਦੀ ਵਰਤੋਂ ਲਈ

ਮਰੀਜ਼ ਦਾ ਰਿਕਾਰਡ / ਹਵਾਲਾ ਨੰਬਰ:

Australian Government
Department of Health and Aged Care

https://www.health.gov.au/using-our-websites/website-privacy-policy/privacy-notice-for-medicare-urgent-care-clinics 'ਤੇ ਉਪਲਬਧ ਹੈ, ਜਾਂ ਤੁਸੀਂ ਇਸ ਕਲੀਨਿਕ ਨੂੰ ਕਾਪੀ ਦੇਣ ਲਈ ਕਹਿ ਸਕਦੇ ਹੋ।

ਸਹਿਮਤੀ

☐ ਮੈਂ ਇਸ ਫਾਰਮ ਵਿੱਚ ਨਿਰਧਾਰਤ ਉਦੇਸ਼ਾਂ ਲਈ ਵਿਭਾਗ ਨੂੰ ਪ੍ਰਦਾਨ ਕੀਤੀ ਜਾ ਰਹੀ ਨਾ-ਪਛਾਣਯੋਗ ਜਾਣਕਾਰੀ ਲਈ ਸਹਿਮਤ ਹਾਂ ।

☐ ਮੈਂ ਇਸ ਫਾਰਮ ਵਿੱਚ ਨਿਰਧਾਰਤ ਉਦੇਸ਼ਾਂ ਲਈ ਵਿਭਾਗ ਨੂੰ ਪ੍ਰਦਾਨ ਕੀਤੀ ਜਾਣ ਵਾਲੀ ਨਾ-ਪਛਾਣਯੋਗ ਜਾਣਕਾਰੀ ਲਈ ਸਹਿਮਤ ਨਹੀਂ ਹਾਂ ।

_____

ਮਰੀਜ਼ ਦਾ ਨਾਮ

_____

ਮਾਤਾ-ਪਿਤਾ ਜਾਂ ਸਰਪ੍ਰਸਤ ਦਾ ਨਾਮ

(ਜੇਕਰ ਢੁੱਕਵਾਂ ਹੋਵੇ)

_____

ਮਰੀਜ਼/ਮਾਤਾ/ਪਿਤਾ/ਸਰਪ੍ਰਸਤ ਦੇ ਦਸਤਖ਼ਤ

*ਤਾਰੀਖ਼:*_____

ਕਲੀਨਿਕ ਦੀ ਵਰਤੋਂ ਲਈ

ਮਰੀਜ਼ ਦਾ ਰਿਕਾਰਡ / ਹਵਾਲਾ ਨੰਬਰ: